# ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

# ਬਹਾਦਰਗੜ੍ਹ, (ਪਟਿਆਲਾ)

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੂਲਾਂ ਵਿੱਚ ਟੀਚਿੰਗ ਅਸਾਮੀਆਂ ਦੀ ਭਰਤੀ ਲਈ ਮਿਤੀ 16-12-2025 ਨੂੰ ਦਿੱਤੇ ਗਏ ਇਸ਼ਤਿਹਾਰ ਨੰ. 383/2025 ਦੀ ਇੰਟਰਵਿਊ ਲਈ ਸਮ੍ਹਾਂ ਸਾਰਣੀ

**ਜਰੂਰੀ ਹਦਾਇਤਾਂ:-**

1) **ਲੈਕਚਰਾਰ** (ਪੀ.ਜੀ.ਟੀ.) **ਲਈ ਉਮੀਦਵਾਰ ਨੇ ਪੋਸਟ** ਗ੍ਰੈਜੂਏਸ਼ਨ, ਗ੍ਰੈਜੂਏਸ਼ਨ ਅਤੇ ਬੀ.ਐਡ ਕੀਤੀ ਹੋਵੇ ਅਤੇ ਉਕਤ ਸਾਰੀਆਂ ਡਿਗਰੀਆਂ ਵਿਚ ਘੱਟ ਤੋਂ ਘੱਟ 55% ਅੰਕ ਹੋਣੇ ਲਾਜ਼ਮੀ ਹਨ। ਵਿਸ਼ਾ ਅਧਿਆਪਕ ਲਈ ਪੋਸਟ ਗ੍ਰੈਜੂਏਸ਼ਨ ਸਬੰਧਤ ਵਿਸ਼ੇ ਵਿਚ ਹੀ ਹੋਣੀ ਚਾਹੀਦੀ ਹੈ।ਸੀਨੀਅਰ ਸੈਕੰਡਰੀ ਕਲਾਸਾਂ ਨੂੰ ਪੜਾਉਣ ਵਾਲੇ ਉਮੀਦਵਾਰ ਨੂੰ ਤਰਜ਼ੀਹ ਦਿੱਤੀ ਜਾਵੇਗੀ।
2) ਵਿਸ਼ਾ ਅਧਿਆਪਕ (ਟੀ.ਜੀ.ਟੀ.) ਲਈ ਉਮੀਦਵਾਰ ਨੇ ਪੋਸਟ ਗ੍ਰੈਜੂਏਸ਼ਨ, ਗ੍ਰੈਜੂਏਸ਼ਨ ਅਤੇ ਬੀ.ਐਡ ਕੀਤੀ ਹੋਵੇ ਅਤੇ ਉਕਤ ਸਾਰੀਆਂ ਡਿਗਰੀਆਂ ਵਿਚ ਘੱਟ ਤੋਂ ਘੱਟ 50% ਅੰਕ ਹੋਣੇ ਲਾਜ਼ਮੀ ਹਨ। ਵਿਸ਼ਾ ਅਧਿਆਪਕ ਲਈ ਪੋਸਟ ਗ੍ਰੈਜੂਏਸ਼ਨ ਸਬੰਧਤ ਵਿਸ਼ੇ ਵਿਚ ਹੀ ਹੋਣੀ ਚਾਹੀਦੀ ਹੈ।ਬੀ.ਐਡ. ਵਿੱਚ Subject Combination ਪੋਸਟ ਦੇ ਵਿਸ਼ੇ ਅਨੁਸਾਰ ਹੋਣੇ ਚਾਹੀਦੇ ਹਨ।
3) ਫਿਜ਼ੀਕਲ ਐਜੂਕੇਸ਼ਨ ਦੀ ਅਸਾਮੀ ਲਈ ਐਮ.ਪੀ.ਐਡ. ਡਿਗਰੀ, ਮਿਊਜ਼ਿਕ ਦੀ ਅਸਾਮੀ ਲਈ ਐਮ.ਏ. (ਮਿਊਜ਼ਿਕ), ਆਰਟ ਐਂਡ ਕਰਾਫਟ ਦੀ ਅਸਾਮੀ ਐਮ.ਏ. (ਫਾਈਨ ਆਰਟਸ) ਅਤੇ ਕੰਪਿਊਟਰ ਲਈ ਮਾਸਟਰ ਡਿਗਰੀ ਕੰਪਿਊਟਰ ਵਿਸ਼ੇ ਵਿਚ ਹੋਣੀ ਚਾਹੀਦੀ ਹੈ ਅਤੇ ਉਕਤ ਵਿਸ਼ਿਆਂ ਲਈ ਬੀ.ਐੱਡ. ਲਾਜ਼ਮੀ ਨਹੀਂ ਹੈ।
4) ਜਨਰਲ ਅਧਿਆਪਕਾਂ ਲਈ ਉਮੀਦਵਾਰ ਨੇ ਗ੍ਰੈਜੂਏਸ਼ਨ ਅਤੇ ਬੀ.ਐਡ ਕੀਤੀ ਹੋਵੇ ਅਤੇ ਉਕਤ ਡਿਗਰੀਆਂ ਵਿੱਚ ਘੱਟ ਤੋਂ ਘੱਟ 50% ਅੰਕ ਹੋਣੇ ਲਾਜ਼ਮੀ ਹਨ। CTET/PTET ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।
5) ਨਰਸਰੀ ਅਧਿਆਪਕ (ਐਨ.ਟੀ.ਟੀ.) ਪੋਸਟਾਂ ਲਈ ਉਮੀਦਵਾਰ ਨੇ +2, ਐਨ.ਟੀ.ਟੀ. ਕੀਤੀ ਹੋਣੀ ਲਾਜ਼ਮੀ ਹੈ। ਗ੍ਰੈਜੂਏਸ਼ਨ ਨੂੰ ਤਰਜੀਹ ਦਿੱਤੀ ਜਾਵੇਗੀ।
6) ਉਮੀਦਵਾਰ ਨੇ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਣੀ ਚਾਹੀਦੀ ਹੈ।
7) ਉਮੀਦਵਾਰ ਦਾ ਤਜ਼ਰਬਾ ਕੇਵਲ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਦਾ ਹੀ ਮੰਨਿਆ ਜਾਵੇਗਾ ਅਤੇ ਤਜ਼ਰਬਾ ਸਰਟੀਫਿਕੇਟ **ਜ਼ਿਲ੍ਹਾ ਸਿੱਖਿਆ ਅਫ਼ਸਰ** ਤੋਂ ਤਸਦੀਕ ਹੋਣਾ ਲਾਜ਼ਮੀ ਹੈ।
8) ਉਮੀਦਵਾਰਾਂ ਦਾ **ਇੰਟਰਵਿਊ ਵਾਲੇ ਦਿਨ ਹੀ** ਲਿਖਤੀ ਟੈਸਟ ਵੀ ਲਿਆ ਜਾਵੇਗਾ। ਟੈਸਟ ਦਾ ਸਿਲੇਬਸ ਵਿਸ਼ੇ ਨਾਲ ਸਬੰਧਤ ਹੋਵੇਗਾ।
9) ਉਮੀਦਵਾਰ ਚੰਗੇ ਅਕਾਦਮਿਕ ਪਿਛੋਕੜ ਵਾਲੇ ਅਤੇ ਅੰਗਰੇਜ਼ੀ ਬੋਲਣ ਵਿਚ ਨਿਪੁੰਨਤਾ (ਖਾਸ ਕਰਕੇ ਸੀ.ਬੀ.ਐਸ.ਈ. ਸਕੂਲਾਂ ਲਈ) ਰੱਖਦੇ ਹੋਣ।
10) ਇੰਟਰਵਿਊ ਸਮੇਂ ਉਮੀਦਵਾਰ ਕੋਲ ਮਾਸਟਰ ਡਿਗਰੀ (ਪੋਸਟ ਗ੍ਰੈਜੂਏਸ਼ਨ ਅਤੇ ਬੀ.ਐਡ) ਦਾ ਫਾਈਨਲ ਰਿਜ਼ਲਟ ਹੋਣਾ ਲਾਜ਼ਮੀ ਹੈ।
11) ਇੰਟਰਵਿਊ ਸਮੇਂ ਉਮੀਦਵਾਰ ਨੂੰ ਆਪਣੀ ਯੋਗਤਾ ਅਤੇ ਤਜ਼ਰਬੇ ਦੇ ਅਸਲ ਦਸਤਾਵੇਜ਼ (ਸਮੇਤ 2 ਸੈੱਟ ਫੋਟੋਕਾਪੀ) ਨਾਲ ਲੈ ਕੇ ਆਉਣੇ ਲਾਜ਼ਮੀ ਹਨ।
12) **ਸਿੱਖ ਉਮੀਦਵਾਰ ਪਤਿਤ ਨਹੀਂ ਹੋਣਾ ਚਾਹੀਦਾ।**
13) ਅਸਾਮੀਆਂ ਦੀ ਗਿਣਤੀ ਵਰਕਲੋਡ ਅਨੁਸਾਰ ਘੱਟ-ਵੱਧ ਹੋ ਸਕਦੀ ਹੈ।
14) ਨਿਮਨ ਹਸਤਾਖਰੀ ਪਾਸ ਇੰਟਰਵਿਊ ਨੂੰ ਰੱਦ/ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੈ।
15) ਇੰਟਰਵਿਊ ਲਈ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।
16) ਉਮੀਦਵਾਰ ਇੰਟਰਵਿਊ ’ਤੇ ਆਉਣ ਤੋਂ ਇੱਕ ਦਿਨ ਪਹਿਲਾਂ ਵੈੱਬਸਾਈਟ **(www.desgpc.org)** ਜਰੂਰ ਦੇਖਣ ਕਿਉਂਕਿ ਇੰਟਰਵਿਊ ਦੀ ਮਿਤੀ/ਸਮਾਂ ਬਦਲਿਆ ਜਾ ਸਕਦਾ ਹੈ।

-ਸਹੀ-

**(ਸਕੱਤਰ ਵਿੱਦਿਆ)**

# ਸਕੂਲਾਂ ਦੇ ਅਧਿਆਪਕ ਸਾਹਿਬਾਨ ਦੀ ਇੰਟਰਵਿਊ ਦੀ ਸਮਾਂ-ਸਾਰਣੀ

## ਇੰਟਰਵਿਊ ਦਾ ਸਥਾਨ:
## ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ
ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ

## ਸਕੂਲਾਂ ਦੀ ਇੰਟਰਵਿਊ ਸਮਾਂ ਸਾਰਣੀ :-

| ਇੰਟਰਵਿਊ ਦੀ ਮਿਤੀ | ਇੰਟਰਵਿਊ ਦਾ ਸਥਾਨ | ਜਿਸ ਸਕੂਲ ਲਈ ਅਪਲਾਈ ਕੀਤਾ ਹੈ | ਵਿਸ਼ਾ | ਰਿਪੋਰਟਿੰਗ ਸਮਾਂ |
|---|---|---|---|---|
| **25-02-2026 ਦਿਨ ਬੁੱਧਵਾਰ** | **ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ** ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ | ਬਾਬਾ ਬੁੱਢਾ ਜੀ ਪਬਲਿਕ ਸਕੂਲ, ਬੀੜ ਸਾਹਿਬ, ਠੱਠਾ, ਤਰਨ ਤਾਰਨ | ਟੀ.ਜੀ.ਟੀ. ਐਸ.ਐਸ.ਟੀ | ਸਵੇਰੇ 9:30 ਵਜੇ |
| | | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਗੰਗਸਰ ਜੈਤੋ, ਫਰੀਦਕੋਟ | ਜਨਰਲ ਟੀਚਰ ਐਸ.ਐਸ.ਟੀ | ਸਵੇਰੇ 9:30 ਵਜੇ |
| | | ਗੁਰੂ ਨਾਨਕ ਗਰਲਜ਼ ਸੀਨੀ. ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ | ਟੀ.ਜੀ.ਟੀ. ਐਸ.ਐਸ.ਟੀ | ਸਵੇਰੇ 9:30 ਵਜੇ |
| | | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਮਲੂਕਾ, ਬਠਿੰਡਾ | ਪੀ.ਜੀ.ਟੀ. ਪੋਲੀਟੀਕਲ ਸਾਇੰਸ | ਸਵੇਰੇ 10:00 ਵਜੇ |
| | | ਭਾਈ ਬਹਿਲੋ ਜੀ ਪਬਲਿਕ ਸਕੂਲ, ਫਫੜੇ ਭਾਈ ਕੇ, ਮਾਨਸਾ | ਜਨਰਲ ਟੀਚਰ ਐਸ.ਐਸ.ਟੀ | ਸਵੇਰੇ 9:30 ਵਜੇ |
| | | ਸਾਹਿਬਜਾਦਾ ਜੁਝਾਰ ਸਿੰਘ ਪਬਲਿਕ ਸਕੂਲ, ਕੋਟ ਧਰਮੂ, ਮਾਨਸਾ | ਜਨਰਲ ਟੀਚਰ ਐਸ.ਐਸ.ਟੀ | ਸਵੇਰੇ 9:30 ਵਜੇ |
| | | ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀ.ਸੈਕੰ. ਸਕੂਲ, ਕਰਤਾਰਪੁਰ, ਜਲੰਧਰ | ਟੀ.ਜੀ.ਟੀ. ਐਸ.ਐਸ.ਟੀ | ਸਵੇਰੇ 9:30 ਵਜੇ |
| | | ਸਾਹਿਬਜਾਦਾ ਅਜੀਤ ਸਿੰਘ ਪਬਲਿਕ ਸਕੂਲ, ਲੱਧੇਵਾਲ ਮਾਹਿਲਪੁਰ, ਹੁਸ਼ਿਆਰਪੁਰ | ਟੀ.ਜੀ.ਟੀ. ਐਸ.ਐਸ.ਟੀ | ਸਵੇਰੇ 9:30 ਵਜੇ |

# ਇੰਟਰਵਿਊ ਮੁਲਤਵੀ ਸਬੰਧੀ ਸੂਚਨਾ

**(ਇਸ਼ਤਿਹਾਰ ਨੰ. 383/2025, ਮਿਤੀ 16-12-2025 ਦੇ ਸਬੰਧੀ)**

ਮਿਤੀ 26-02-2026, 27-02-2026, 28-02-2026 ਅਤੇ ਮਿਤੀ 02.03.2026 ਨੂੰ ਹੋਣ ਵਾਲੀਆਂ ਅਧਿਆਪਕਾਂ ਦੀ ਅਸਾਮੀ ਲਈ ਇੰਟਰਵਿਊ ਕੁੱਝ ਪ੍ਰਬੰਧਕੀ ਕਾਰਨਾ ਕਰਕੇ ਫਿਲਹਾਲ ਮੁਲਤਵੀ ਕੀਤੀਆ ਜਾਂਦੀਆਂ ਹਨ। ਉਪਰੋਕਤ ਇੰਟਰਵਿਊ ਦੀ ਜਾਣਕਾਰੀ ਜਲਦ ਹੀ ਦਫ਼ਤਰ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੀ ਵੈਬ-ਸਾਇਟ www.desgpc.org ਪੁਰ ਅਪਲੋਡ ਕੀਤੀ ਜਾਵੇਗੀ।

**-ਸਹੀ-**

**(ਸਕੱਤਰ ਵਿੱਦਿਆ ਸ਼੍ਰੋ.ਗੁ.ਪ੍ਰ. ਕਮੇਟੀ)**